# PC–5916/NK

**O–2/2110**

ਆਧੁਨਿਕ ਪੰਜਾਬੀ ਕਾਵਿ–I–P-1040

Paper–IV, Opt. (i)

(Semester–I)

(Regular & Distance Education)

Time : Three Hours] [Maximum Marks : 60

**ਨੋਟ** : ਭਾਗ 'ੳ' ਵਿਚੋਂ ਕੋਈ *ਇਕ* ਪ੍ਰਸ਼ਨ ਕਰੋ, ਜਦ ਕਿ ਭਾਗ 'ਅ' ਵਿਚੋਂ ਕੋਈ *ਤਿੰਨ*, ਪਰ ਕਿਸੇ ਵੀ ਇਕ ਭਾਗ ਵਿਚੋਂ *ਦੋ* ਪ੍ਰਸ਼ਨ ਕਰਨ ਦੀ ਮਨਾਹੀ ਹੈ। ਭਾਗ 'ੲ' ਸਾਰਾ ਕਰੋ।

## ਭਾਗ–ੳ

I. ਵਿਚਾਰਧਾਰਾ ਜਦੋਂ ਕਵਿਤਾ ਰਾਹੀਂ ਪ੍ਰਗਟ ਹੁੰਦੀ ਹੈ ਤਾਂ ਉਹ ਆਪਣੇ ਸਮੇਂ ਦੀ ਸੰਸਕ੍ਰਿਤੀ, ਸਭਿਅਤਾ ਅਤੇ ਦਰਸ਼ਨ ਦਾ ਵਾਹਨ ਬਣ ਕੇ ਇਨ੍ਹਾਂ ਨੂੰ ਪ੍ਰਤਿਬਿੰਬਤ ਕਰਦੀ ਹੈ। ਇਸ ਕਥਨ ਦੀ ਸਾਰਥਕਤਾ ਦੀ ਪਰਖ ਕਰੋ।

II. ਭਾਰਤੀ ਕਾਵਿ ਸ਼ਾਸਤਰ ਅਨੁਸਾਰ ਕਾਵਿ ਦੇ ਤੱਤ ਕਿਹੜੇ-ਕਿਹੜੇ ਹਨ? ਮਿਸਾਲਾਂ ਦੇ ਕੇ ਉੱਤਰ ਦੀ ਪੁਸ਼ਟੀ ਕਰੋ। 9

## ਭਾਗ-ਅ

**ਅ-1**

III. ਕਵਿਤਾ ਦੇ ਸਥਾਪਿਤ ਪ੍ਰਤਿਮਾਨਾਂ ਨੂੰ ਭੰਗ ਕਰਕੇ ਕਾਵਿ ਸਿਰਜਣਾ ਕਰਨੀ ਕੋਈ ਆਸਾਨ ਕੰਮ ਨਹੀਂ। ਅਜੇਹਾ ਕੋਈ ਮੌਲਿਕ ਸੋਚ ਅਤੇ ਚੇਤੰਨ ਦ੍ਰਿਸ਼ਟੀ ਵਾਲਾ ਹੀ ਕਰ ਸਕਦਾ ਹੈ। ਪ੍ਰੋ. ਪੂਰਨ ਸਿੰਘ ਦੇ ਪ੍ਰਸੰਗ ਵਿਚ ਇਸ ਧਾਰਣਾ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

IV. ਪ੍ਰੋ. ਪੂਰਨ ਸਿੰਘ ਦੇ ਪੰਜਾਬ ਪਿਆਰ ਬਾਰੇ ਵਿਸਥਾਰ ਸਹਿਤ ਚਰਚਾ ਕਰੋ ਆਧਾਰ 'ਖੁਲ੍ਹੇ ਮੈਦਾਨ' ਨੂੰ ਬਣਾਓ। 9

**ਅ-2**

V. ਅਧਿਆਤਮਕਤਾ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਦੀ ਆਦਰਸ਼ਕ ਸੰਧੀ ਬਾਵਾ ਬਲਵੰਤ ਦੀ ਕਵਿਤਾ ਦੀ ਸਭ ਤੋਂ ਵੱਡੀ ਸ਼ਕਤੀ ਹੈ। ਕਿਵੇਂ? ਉਦਾਹਰਣਾਂ ਦੇ ਕੇ ਉੱਤਰ ਦੀ ਪੁਸ਼ਟੀ ਕਰੋ।

VI. ਬਾਵਾ ਬਲਵੰਤ ਦੀ ਕਾਵਿ ਕਲਾ ਬਾਰੇ ਇਕ ਵਿਸਤ੍ਰਿਤ ਤੇ ਆਲੋਚਨਾਤਮਕ ਨਿਬੰਧ ਲਿਖੋ। 9

ਅ-3

VII. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਭਿੰਨ-ਭਿੰਨ ਵਿਸ਼ੇ ਲਏ ਗਏ ਹਨ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਸ ਦੀ ਵਿਚਾਰਧਾਰਾ ਸਮੇਂ ਨਾਲ ਬਦਲਦੀ ਰਹੀ ਹੈ। ਟਿੱਪਣੀ ਕਰੋ।

VIII. ਆਧੁਨਿਕ ਪੰਜਾਬੀ ਕਵਿਤਾ ਨੂੰ ਅੰਮ੍ਰਿਤਾ ਪ੍ਰੀਤਮ ਦੀ ਦੇਣ ਸਬੰਧੀ ਆਪਣੇ ਵਿਚਾਰਾਂ ਤੋਂ ਜਾਣੂ ਕਰਾਓ। 9

ਅ-4

IX. 'ਹਾਸ਼ੀਏ ਦੇ ਹਾਸਲ' ਵਿਚਲੀ ਕਵਿਤਾ ਵਿਚ ਪਰੰਪਰਾ ਅਤੇ ਆਧੁਨਿਕਤਾ ਦੇ ਦੋਵੇਂ ਰੰਗ ਸਮਾਨੰਤਰ ਰੂਪ ਵਿਚ ਵੇਖੇ ਜਾ ਸਕਦੇ ਹਨ। ਢੁਕਵੀਆਂ ਉਦਾਹਰਣਾਂ ਦੇ ਕੇ ਸਹਿਮਤੀ ਜਾਂ ਅਸਹਿਮਤੀ ਪ੍ਰਗਟ ਕਰੋ।

X. 'ਹਾਸ਼ੀਏ ਦੇ ਹਾਸਲ' ਕਾਵਿ ਸੰਗ੍ਰਹਿ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਇਕ ਪ੍ਰਤਿਨਿਧ ਸੰਗ੍ਰਹਿ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈ? ਆਪਣੀ ਰਾਇ ਤੋਂ ਜਾਣੂ ਕਰਾਓ। 9

## ਭਾਗ-ੲ

XI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਕਾਵਿ ਕਲਾ ਬਾਰੇ ਰੌਸ਼ਨ ਲਾਲ ਆਹੂਜਾ ਦੇ ਕੀ ਵਿਚਾਰ ਹਨ?

2. ਪ੍ਰਤੀਕ ਕੀ ਹੁੰਦਾ ਹੈ ਅਤੇ ਕਵਿਤਾ ਵਿਚ ਇਸ ਦਾ ਕੀ ਮਹੱਤਵ ਹੈ?

3. ਕਵਿਤਾ ਵਿਚ ਰਸ।

4. ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਕਿਉਂ ਮਾਰਦਾ ਹੈ?

5. ਪੂਰਨ ਸਿੰਘ ਉਪਰ ਪਏ ਵੱਖ-ਵੱਖ ਪ੍ਰਭਾਵ।

6. 'ਸਾਹਿਤਕਾਰ' ਕਵਿਤਾ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ?

7. ਬਾਵਾ ਬਲਵੰਤ ਦੀ ਕਵਿਤਾ ਵਿਚ ਸਰੋਦੀ ਤੱਤ।

8. 'ਜੰਗਲੀ ਫੱਲ' ਕਵਿਤਾ ਵਿਚ ਕਵੀ ਇਕ ਪਾਤਰ ਨੂੰ ਨਚੋੜਿਆ ਨਿੰਬੂ ਕਹਿੰਦਾ ਹੈ ਇਸ ਦਾ ਕੀ ਅਰਥ ਹੈ?

9. ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬ ਦੀ ਆਵਾਜ਼ ਕਿਹਾ ਗਿਆ ਹੈ। ਕਿਉਂ?

10. 'ਸੁਨੇਹੜੇ' ਕਵਿਤਾ ਦਾ ਆਲੋਚਨਾਤਮਕ ਪਰਿਚਯ ਦਿਓ।

11. 'ਹਾਸ਼ੀਏ ਦੇ ਹਾਸਲ' ਨਾਂ ਤੋਂ ਸੰਪਾਦਕਾਂ ਨੇ ਕੀ ਅਰਥ ਲਏ ਹਨ?

12. 'ਹਾਸ਼ੀਏ ਦੇ ਹਾਸਲ' ਵਿਚ ਦੇਸ਼ ਭਗਤੀ ਦੀਆਂ ਕਵਿਤਾਵਾਂ।

$12 \times 2 = 24$

---